

# ਤੁਹਾਡੇ ਲਈ ਕੰਮ ਕਰ ਰਹੇ ਹਾਂ।

## ਜੌਹਨ ਹੋਰਗਨ ਦੇ ਬੀਸੀ ਲਈ ਵਾਅਦੇ

ਜਿਵੇਂ ਕਿ ਅਸੀਂ ਕੋਵਿਡ -19 ਦੇ ਦੌਰ ਵਿਚੋਂ ਦੀ ਲੰਗਦੇ ਹੋਏ ਰਿਕਵਰੀ ਵੱਲ ਵਧ ਰਹੇ ਹਾਂ, ਬ੍ਰਿਟਿਸ਼ ਕੋਲੰਬੀਆ ਸੜਕ ਦੇ ਉਸ ਚੌਰਾਹੇ ਤੇ ਪਹੁੰਚ ਗਿਆ ਹੈ, ਜਿਥੇ ਤੁਸੀਂ ਰਾਹ ਚੁਣਨਾ ਹੈ। 2020 ਇਲੈਕਸ਼ਨ ਉਸੇ ਰਾਹ ਬਾਰੇ ਹੈ ਜਿਸ ਰਾਹ ਨੂੰ ਤੁਸੀਂ ਚੁਣਨਾ ਚਾਹੁੰਦੇ ਹੋ – ਕਿ ਤੁਸੀਂ ਕਿਸ ਤਰ੍ਹਾਂ ਦਾ ਭਵਿੱਖ ਚਾਹੁੰਦੇ ਹੋ, ਕਿ ਕਿਸ ਤਰ੍ਹਾਂ ਨਵੇਂ ਹਾਲਾਤਾਂ ਦਾ ਸਾਹਮਣਾ ਕਰਦੇ ਹੋਏ ਅਸੀਂ ਅੱਗੇ ਵੱਧਣਾ ਹੈ।

ਤੁਹਾਡੇ ਸਹਿਯੋਗ ਨਾਲ, ਅਸੀਂ ਬੀਸੀ ਲਿਬਰਲ ਦੀਆਂ 16 ਸਾਲਾਂ ਦੌਰਾਨ ਕੀਤੀਆਂ ਅਣਗਹਿਲੀਆਂ ਦੁਆਰਾ ਪੈਦਾ ਹੋਈਆ ਮੁਸ਼ਕਲਾਂ ਦਾ ਹੱਲ ਕਰਨਾ ਜਾਰੀ ਰੱਖ ਸਕਦੇ ਹਾਂ ਅਤੇ ਬੀ.ਸੀ. ਨੂੰ  ਅੱਗੇ ਵਧਾ ਸਕਦੇ ਹਾਂ - ਲੋਕਾਂ ਵਿੱਚ ਨਿਵੇਸ਼ ਕਰਕੇ ਅਤੇ ਉਹਨਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਪ੍ਰਦਾਨ ਕਰਕੇ ਜੋ ਤੁਹਾਡੇ ਲਈ ਜ਼ਿਆਦਾ ਮਹੱਤਵਪੂਰਣ ਹਨ।

BC NDP

# ਸਾਡੇ ਮੁੱਖ ਵਾਅਦੇ

- ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਇਕ ਵਾਰ ਦਾ ਬੀ.ਸੀ. ਰਿਕਵਰੀ ਲਾਭ ਸਿੱਧਾ ਜਮ੍ਹਾ ਕਰਨਾ।
- 12 ਸਾਲ ਜਾਂ ਇਸਤੋਂ ਘੱਟ ਉਮਰ ਦੇ ਬੱਚਿਆਂ ਲਈ ਸਫ਼ਰ ਨੂੰ ਮੁਫ਼ਤ ਕਰਨਾ ।
- 10-ਡਾਲਰ-ਦਿਨ ਦਾ ਬੱਚਿਆਂ ਦਾ ਦੇਖਭਾਲ ਲਾਭ ਵਧੇਰੇ ਪਰਿਵਾਰਾਂ ਤੱਕ ਪਹੁੰਚਾਉਣਾ।
- ਸਾਲ 2021 ਦੇ ਅੰਤ ਤੱਕ ਕਿਰਾਇਆਂ ਤੇ ਰੋਕ ਲਾਉਣਾ ।
- ਹਸਪਤਾਲ, ਬੱਚਿਆਂ ਦੀ ਦੇਖਭਾਲ ਦੀਆਂ ਥਾਵਾਂ ਅਤੇ ਹੋਰ ਕਮਿਊਨਿਟੀ ਤਰਜੀਹ ਵਾਲੇ ਸਥਾਨਾਂ ਦੇ ਨਿਰਮਾਣ ਲਈ ਇੱਕ ਸਾਲ ਵਿੱਚ 3 ਬਿਲੀਅਨ ਡਾਲਰ ਵਾਧੂ ਰਾਖਵਾਂ ਰੱਖਣਾ।

## ਬੀਸੀ ਇਕਜੁੱਟ ਹੈ: ਮਹਾਂਮਾਰੀ ਖਿਲਾਫ ਲੜਾਈ ਲਈ ।



ਜੇ 2020 ਨੇ ਸਾਨੂੰ ਕੁਝ ਦਿਖਾਇਆ ਹੈ, ਤਾਂ ਉਹ ਇਹ ਹੈ ਸਾਡਾ ਸੂਬਾ ਕਿੰਨ੍ਹੇ ਸਕਾਰਾਤਮਕ ਕਦਮ ਚੁੱਕ ਸਕਦਾ ਹੈ ਜਦੋਂ ਅਸੀਂ ਸਾਰੇ ਇਕੱਠੇ ਹੋਕੇ ਕੰਮ ਕਰਦੇ ਹਾਂ।ਇਸ ਚੁਣੌਤੀਪੂਰਨ ਸਮੇਂ ਵਿੱਚੋਂ ਲੋਕਾਂ, ਕਮਿਊਨਿਟੀਆਂ ਅਤੇ ਸਥਾਨਕ ਕਾਰੋਬਾਰਾਂ ਦੀ ਸਹਾਇਤਾ ਲਈ, ਜੌਂਨ ਹੋਰਗਨ ਅਤੇ ਐਨਡੀਪੀ ਨੇ 8 ਅਰਬ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ:

- 600,000 ਤੋਂ ਵੱਧ ਕਰਮਚਾਰੀਆਂ ਲਈ $ 1000 ਦਾ ਐਮਰਜੈਂਸੀ ਲਾਭ।
- ਕਿਰਾਏਦਾਰਾਂ ਲਈ ਅਸਥਾਈ ਕਿਰਾਇਆ ਰਾਹਤ ਅਤੇ ਕੋਵਿਡ -19 ਬੇਦਖਲੀ ਤੋਂ ਸੁਰੱਖਿਆ ਦਾ ਲਾਭ।
- ਅਪਾਹਜਤਾ ਅਤੇ ਆਮਦਨੀ ਸਹਾਇਤਾ 'ਤੇ ਰਹਿ ਰਹੇ ਲੋਕਾਂ ਲਈ ਆਰਜ਼ੀ ਆਪਦਾ-ਰਾਹਤ।
- ਕਾਰੋਬਾਰ ਦੁਬਾਰਾ ਖੋਲ੍ਹਣ ਅਤੇ ਵੱਧਣ ਵਿੱਚ ਸਹਾਇਤਾ ਲਈ ਟੈਕਸ ਕ੍ਰੈਡਿਟ।
- ਨੌਕਰੀਆਂ ਦੀ ਰੱਖਿਆ ਲਈ ਛੋਟੇ ਕਾਰੋਬਾਰਾਂ ਨੂੰ 300 ਮਿਲੀਅਨ ਦੀ ਰਿਕਵਰੀ ਗ੍ਰਾਂਟ।
- ਕਰਮਚਾਰੀਆਂ ਨੂੰ ਨਵੇਂ ਮੌਕੇ ਲੱਭਣ ਵਿੱਚ ਸਹਾਇਤਾ ਲਈ ਨਵੇਂ ਸਿਖਲਾਈ ਪ੍ਰੋਗਰਾਮ।

# ਤੁਹਾਡੇ ਘਰ  ਅਤੇ ਕਮਿਊਨਟੀ ਨੂੰ ਕਿਫਾਇਤੀ ਅਤੇ ਸੁਰੱਖਿਅਤ ਬਣਾਈ ਰੱਖਣਾ ।



ਅਸੀਂ ਬੀਸੀ ਲਿਬਰਲਾਂ ਦੁਆਰਾ 16 ਸਾਲਾਂ ਦੀ ਅਣਗਹਿਲੀਆਂ ਅਤੇ ਸੇਵਾ ਵਿੱਚ ਕੀਤੀਆਂ ਕਟੌਤੀਆਂ ਨੂੰ ਠੀਕ ਕਰਨ ਲਈ ਚੰਗੀ ਸ਼ੁਰੂਆਤ ਕੀਤੀ ਹੈ - ਅਤੇ ਅਸੀਂ ਬੀ.ਸੀ. ਵਿੱਚ ਹਰੇਕ ਲਈ ਜਿੰਦਗੀ ਨੂੰ ਵਧੇਰੇ ਕਿਫਾਇਤੀ ਅਤੇ ਸੁਰੱਖਿਅਤ ਬਣਾਉਣ ਲਈ ਤਿਆਰ ਹਾਂ।

**ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਇੱਕ ਰਿਕਵਰੀ ਲਾਭ**

125000 ਡਾਲਰ ਤੱਕ ਸਲਾਨਾ ਪਰਿਵਾਰਕ ਆਮਦਨ ਵਾਲੇ ਪਰਿਵਾਰਾਂ ਲਈ $1000 ਦਾ ਇੱਕ ਸਮੇਂ ਦਾ ਲਾਭ ,ਅਤੇ $ 62,000 ਤੋਂ ਘੱਟ ਕਮਾਈ ਵਾਲੇ ਇਕੱਲੇ ਲੋਕਾਂ ਨੂੰ $500 ਦਾ ਇਕ ਵਾਰ ਦਾ ਲਾਭ।

**ਮਕਾਨਾਂ ਨੂੰ ਵਧੇਰੇ ਕਿਫਾਇਤੀ ਬਣਾਉਣਾ ਅਤੇ  ਉਹਨਾਂ ਦੀ ਜਿਆਦਾ ਉਪਲੱਬਧਤਾ ਬਣਾਉਣਾ।**

2021 ਦੇ ਅੰਤ ਤੱਕ ਕਿਰਾਏ ਤੇ ਰੋਕ ਲਗਾਉਣਾ, ਫਿਰ ਸਥਾਈ ਤੌਰ 'ਤੇ ਕੈਪਿੰਗ ਕਰਕੇ ਕਿਰਾਏ ਦੀ ਦਰ ਨੂੰ  ਮਹਿੰਗਾਈ ਦੀ ਦਰ ਨਾਲ ਜੋੜਨਾ | ਸਟ੍ਰੈਟਾ ਬੀਮਾ ਦੇ ਖਰਚੇ ਨੂੰ ਕਾਬੂ ਚ ਕਰਨਾ | ਵਧੇਰੇ ਕਿਫਾਇਤੀ ਘਰ ਬਣਾਉਣੇ।

**ਵਧੀਆ ਕੁਆਲਿਟੀ ਵਾਲੀ ਬੱਚਿਆਂ ਦੀ ਦੇਖਭਾਲ ਲਈ ਪਹੁੰਚ ਚ ਬਿਹਤਰ ਬਣਾਉਣਾ।**

ਵਧੇਰੇ ਪਰਿਵਾਰਾਂ ਲਈ $10/ਦਿਨ ਦੀ ਬਾਲ ਦੇਖਭਾਲ ਨੂੰ ਲਿਆਉਣਾ ।ਬੀ.ਸੀ. ਵਿਚ ਬੱਚਿਆਂ ਦੀ ਦੇਖਭਾਲ ਦੀ ਉਪਲਬਧਤਾ ਦਾ ਵਿਸਥਾਰ ਸਕੂਲਾਂ ਵਿੱਚ ਕਰਨਾ  ।  ਹੋਰ ਵਧੇਰੇ ਅਰ੍ਲੀ ਚਾਈਲਡਹੁੱਡ  ਅਧਿਆਪਕ।

**ਤੁਹਾਡੇ ਬੱਚੇ ਲਈ ਬਿਹਤਰ ਸਿੱਖਿਆ ਪ੍ਰਬੰਧ**

ਬੀ.ਸੀ.  ਸਕੂਲਾਂ ਵਿਚ  ਸੁਧਰੀਆਂ ਹੋਈਆਂ ਕੋਵੀਡ -19 ਸਾਵਧਾਨੀਆਂ ਅਤੇ ਸਹਾਇਤਾਵਾਂ | ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਨਵੀਂ ਮਦਦ| ਵਿਸਤ੍ਰਿਤ ਸਕੂਲੀ ਭੋਜਨ ਦੇ ਪ੍ਰੋਗਰਾਮ | ਕਲਾਸ-ਰੂਮਾਂ ਦੀ ਸਪਲਾਈ ਲਈ ਨਵਾਂ ਫੰਡ।

**ਤੁਹਾਡੇ ਲਈ ਆਲੇ ਦੁਆਲੇ ਘੁੰਮਣ ਨੂੰ ਤੇਜ਼ ਤੇ ਕਿਫ਼ਾਇਤੀ ਕਰਨਾ।**

ਆਈ.ਸੀ.ਬੀ.ਸੀ ਪ੍ਰੀਮੀਅਮ 'ਤੇ  ਡਰਾਈਵਰਾਂ ਦੀ ਸੈਂਕੜੇ ਡਾਲਰਾਂ ਦੀ ਬਚਤ | 12 ਸਾਲ ਜਾਂ ਘੱਟ ਦੇ ਬੱਚਿਆਂ ਲਈ ਮੁਫਤ ਆਵਾਜਾਈ | ਤੇਜ਼ੀ ਨਾਲ ਵੱਧ ਰਹੇ ਖੇਤਰਾਂ ਵਿੱਚ ਆਵਾਜਾਈ ਦੇ ਵਧੇਰੇ ਹੱਲ।

**ਮੌਸਮੀ ਤਬਦੀਲੀ ਨਾਲ ਨਜਿੱਠਣਾ, ਪ੍ਰਕਿਰਤੀ ਦੀ ਰੱਖਿਆ ਕਰਨਾ।**

ਇਕੋ ਵਾਰ -ਵਰਤੋਂ ਵਾਲੇ ਪਲਾਸਟਿਕ 'ਤੇ ਪਾਬੰਦੀ | ਇਲੈਕਟ੍ਰਿਕ ਵਾਹਨਾਂ ਲਈ ਨਵੇਂ ਪ੍ਰੋਤਸਾਹਨ | ਨਵੇਂ ਕੈਂਪ ਗ੍ਰਾਉਂਡ| ਜੰਗਲੀ ਜੀਵਨ ਅਤੇ ਆਵਾਸਾਂ ਦੀ ਰੱਖਿਆ | ਪੁਰਾਣੇ ਵਿਕਸਤ ਜੰਗਲਾਂ ਦੀ ਰੱਖਿਆ | ਸਾਫ ਪਾਣੀ ਦੀ ਰੱਖਿਆ।

**ਮੂਲ-ਨਿਵਾਸੀ ਲੋਕਾਂ ਲਈ ਵਧੇਰੇ ਸਵੈ-ਨਿਰਣਾ ਵੱਲ ਵਧਣਾ।**

ਜ਼ਮੀਨ ਅਤੇ ਸਰੋਤਾਂ ਦੀ ਵਰਤੋਂ ਬਾਰੇ ਸਾਂਝਾ ਫੈਸਲਾ | ਸਭਿਆਚਾਰਕ ਸੰਭਾਲ ਅਤੇ ਮੂਲ-ਨਿਵਾਸੀ ਮਿੱਤਰਤਾ ਕੇਂਦਰਾਂ ਲਈ ਸਹਾਇਤਾ ਵਧਾਉਣਾ।

**ਸਮਾਨਤਾ, ਸ਼ਮੂਲੀਅਤ ਅਤੇ ਮਨੁੱਖੀ ਅਧਿਕਾਰ, ਹਰ ਕਿਸੇ ਲਈ।**

ਲਿੰਗ ਅਧਾਰ ਤਨਖਾਹ ਦੇ ਪਾੜੇ ਨੂੰ ਖਤਮ ਕਰਨਾ | ਪ੍ਰਣਾਲੀਗਤ ਵਿਤਕਰੇ ਨੂੰ ਘਟਾਉਣਾ | ਨਵਾਂ ਨਸਲਵਾਦ ਵਿਰੋਧੀ ਕਾਨੂੰਨ | ਲਿੰਗ-ਅਧਾਰਤ ਹਿੰਸਾ ਨੂੰ ਖਤਮ ਕਰਨ ਵਿੱਚ ਸਹਾਇਤਾ। ਦੱਖਣ- ਏਸ਼ੀਆਈ-ਕੈਨੇਡੀਅਨ ਲੋਕਾਂ ਲਈ ਅਜਾਇਬਘਰ।

**ਸੁਰੱਖਿਅਤ, ਦਿਆਲਤਾ ਵਾਲਾ ਅਤੇ ਸਿਹਤਮੰਦ ਆਸਪਾਸ।**

ਗਰੀਬੀ ਘਟਾਉਣਾ | ਭੋਜਨ ਸੁਰੱਖਿਆ ਵਿੱਚ ਵਾਧਾ | ਬੰਦੂਕਾਂ ਅਤੇ ਗਿਰੋਹਾਂ ਨਾਲ ਨਜਿੱਠਣਾ | ਕਮਿਊਨਟੀਆਂ ਦੀ ਜਨਤਕ ਸੁਰੱਖਿਆ ਨੂੰ ਹੱਲ ਕਰਨ ਵਿੱਚ ਸਹਾਇਤਾ ।

BC NDP



# ਸਾਫ-ਊਰਜਾ ਵਾਲੇ ਭਵਿੱਖ ਵਿਚ ਚੰਗੀਆਂ ਨੌਕਰੀਆਂ ਅਤੇ ਰੋਜ਼ੀ-ਰੋਟੀ ਦਾ ਪ੍ਰਬੰਧ।

ਬ੍ਰਿਟਿਸ਼ ਕੋਲੰਬੀਅਨਾਂ ਨੇ ਸਾਨੂੰ ਦੱਸਿਆ ਹੈ ਕਿ, ਜਿਵੇਂ ਕਿ ਅਸੀਂ ਸਾਰੇ ਬੀ.ਸੀ. ਦੀ ਆਰਥਿਕਤਾ ਨੂੰ ਦੁਬਾਰਾ ਬਣਾਉਣ ਦਾ ਕੰਮ ਕਰ ਰਹੇ ਹਾਂ, ਅਸੀਂ ਉਸ ਢੰਗ ਨਾਲ ਵਾਪਸ ਨਹੀਂ ਜਾ ਸਕਦੇ ਜਿਸ ਤਰਾਂ ਚੀਜ਼ਾਂ ਹੋਇਆ ਕਰਦੀਆਂ ਸਨ - ਕਿਉਂਕਿ ਇਹ ਢੰਗ ਹਰ ਤਰ੍ਹਾਂ ਦੇ ਲੋਕਾਂ ਲਈ ਕੰਮ ਨਹੀਂ ਕਰ ਰਹੇ ਸੀ। ਹੁਣ ਸਾਫ਼-ਊਰਜਾ ਵਾਲੀ ਆਰਥਿਕਤਾ ਬਣਾਉਣ ਦਾ ਸਮਾਂ ਹੈ ਜੋ ਹਰ ਇੱਕ ਅਨੁਸਾਰ ਕੰਮ ਕਰੇਗੀ।

**ਅਜਿਹੀ ਆਰਥਿਕਤਾ ਜੋ ਹਰ ਕਿਸੇ ਨੂੰ ਲਾਭ ਪਹੁੰਚਾਉਂਦੀ ਹੈ।**

ਲੋੜੀਂਦੇ ਕਮਿਊਨਿਟੀ ਬੁਨਿਆਦੀ ਢਾਂਚੇ ਨੂੰ ਬਣਾਉਣ ਅਤੇ ਸਥਾਨਕ ਕਾਮਿਆਂ ਲਈ ਨੌਕਰੀਆਂ ਪੈਦਾ ਕਰਨ ਲਈ ਇੱਕ ਨਵਾਂ 3 ਬਿਲੀਅਨ ਡਾਲਰ ਦਾ ਫੰਡ।

**ਇੱਕ ਸਾਫ਼-ਊਰਜਾ ਵਾਲੀ ਆਰਥਿਕਤਾ ਅਤੇ ਭਵਿੱਖ।**

2050 ਤੱਕ ਬਿਲਕੁਲ-ਜ਼ੀਰੋ ਨਿਕਾਸ | ਬਿਲਡਿੰਗ ਕੁਸ਼ਲਤਾ ਵਧਾਉਣ ਲਈ ਅਪਗ੍ਰੇਡਸ | ਜ਼ੀਰੋ-ਨਿਕਾਸ ਉਦਯੋਗਿਕ ਵਾਹਨ | ਉਦਯੋਗਿਕ ਨਿਕਾਸ ਨੂੰ ਘਟਾਉਣਾ।

**ਸਰੋਤਾਂ ਤੇ ਕੰਮ ਕਰਨ ਵਾਲੇ ਵਰਕਰਾਂ ਅਤੇ ਕਮਿਊਨਿਟੀਆਂ ਲਈ ਇੱਕ ਮਜ਼ਬੂਤ ਭਵਿੱਖ।**

ਇੱਕ ਨਵੀਂ ਉਦਯੋਗਿਕ ਅਤੇ ਨਿਰਮਾਣ ਰਣਨੀਤੀ | ਨੌਕਰੀ ਪੈਦਾ ਕਰਨ ਵਾਲਿਆਂ ਲਈ ਵਧੇਰੇ ਲਾਗਸ | ਸਮੁੰਦਰੀ ਜ਼ਹਾਜ਼ ਬਣਾਉਣ ਦੀ ਇਕ ਨਵੀਂ ਰਣਨੀਤੀ | ਏਰੋਸਪੇਸ ਵਿਚ ਨਵੀਂ ਸਿਖਲਾਈ | ਤੱਟੀ ਆਰਥਿਕਤਾਵਾਂ ਨੂੰ ਵਧਾਉਣਾ | ਭੋਜਨ ਸੁਰੱਖਿਆ ਵਿੱਚ ਸੁਧਾਰ।

**ਘੱਟ-ਕਾਰਬਨ  ਵਾਲੇ ਉਤਪਾਦਾਂ ਅਤੇ ਸੇਵਾਵਾਂ ਦਾ ਇੱਕ ਗਲੋਬਲ ਉੱਨਤਕਾਰ ਬਣਨਾ।**

ਵਧੇਰੇ ਤੇਜ਼ ਸੰਪਰਕ |  ਨਵੇਂ ਉੱਦਮਾਂ ਨੂੰ ਵਧਣ ਅਤੇ ਕਰਮਚਾਰੀ ਰੱਖਣ ਵਿਚ ਸਹਾਇਤਾ | ਨਵੀਨਤਾ ਸਮੂਹਾਂ ਦੀ ਸਹਾਇਤਾ | 2,000 ਨਵੀਂ ਤਕਨੀਕੀ ਸਿਖਲਾਈ ਦੀਆਂ ਥਾਂਵਾਂ।

**ਬੀ.ਸੀ. ਦੇ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਦੀਆਂ ਤਾਕਤਾਂ ਨੂੰ ਅੱਗੇ ਵਧਾਉਣਾ।**

ਕਾਰੋਬਾਰਾਂ ਨੂੰ ਗਲੋਬਲ ਬਾਜ਼ਾਰਾਂ ਤੱਕ ਪਹੁੰਚਣ ਵਿੱਚ ਸਹਾਇਤਾ | ਵੱਡੇ ਪੱਧਰ ਤੇ ਲੱਕੜ ਨੂੰ ਉਤਸ਼ਾਹਤ ਕਰਨਾ |  ਬੀ.ਸੀ.  ਰੈਸਟੋਰੈਂਟ, ਪਰਾਹੁਣਚਾਰੀ ਅਤੇ ਸੈਰ-ਸਪਾਟਾ ਕਾਰੋਬਾਰ ਵਾਪਸੀ ਕਰਨ ਵਿੱਚ ਮਦਦ | ਬੀ.ਸੀ.  ਫਿਲਮ ਅਤੇ ਟੀਵੀ ਨੂੰ ਪ੍ਰਤੀਯੋਗੀ ਬਣਾਈ ਰੱਖਣਾ।

**ਬਦਲ ਰਹੀ ਆਰਥਿਕਤਾ ਲਈ ਸਿਖਲਾਈ।**

ਬੀ.ਸੀ. ਐਕਸਸ ਗਰਾਂਟ ਪ੍ਰੋਗਰਾਮ ਦਾ ਵਿਸਤਾਰ ਕਰਨਾ | ਵਿਦਿਆਰਥੀਆਂ ਦੀ ਫੀਸ ਘੱਟ ਰੱਖਣਾ ਸਿਖਲਾਈ ਦੀਆਂ ਨਵੀਆਂ ਥਾਵਾਂ | ਹੋਰ ਜ਼ਿਆਦਾ ਰੈਡ ਸੀਲ ਅਪ੍ਰੈਂਟਿਸਸ਼ਿਪਸ ਟਿਊਸ਼ਨ ਛੋਟਾਂ ਨੂੰ ਹੋਰ ਵਧਾਉਣਾ।

**ਕਰਮਚਾਰੀਆਂ ਨੂੰ ਸੁਰੱਖਿਅਤ ਰਹਿਣ ਅਤੇ ਅੱਗੇ ਵਧਣ ਵਿੱਚ ਸਹਾਇਤਾ।**

ਅਸੁਰੱਖਿਅਤ ਅਤੇ ਗਿਗ ਅਰਥਚਾਰੇ ਦੇ ਕਰਮਚਾਰੀਆਂ ਲਈ ਵਧੇਰੇ ਸੁਰੱਖਿਆ, ਪੈਨਸ਼ਨਾਂ ਅਤੇ ਲਾਭ | ਮਹਿੰਗਾਈ ਦੇ ਹਿਸਾਬ ਨਾਲ ਘੱਟੋ ਘੱਟ ਤਨਖਾਹ ਬੰਨ੍ਹਣਾ | ਕਾਰਜ ਸਥਾਨ ਦੀ ਸੁਰੱਖਿਆ ਜਾਂਚ ਵਿੱਚ ਵਾਧਾ।

BC NDP

# ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਬਿਹਤਰ ਸਿਹਤ ਸਹੂਲਤਾਂ ।

ਬੀਸੀ ਲਿਬਰਲਾਂ ਦੇ ਅਧੀਨ ਬਹੁਤ ਲੰਬੇ ਸਮੇਂ ਤੱਕ, ਲੋਕ ਆਪਣੀ ਸਿਹਤ ਦੀ ਉਹ ਦੇਖਭਾਲ ਨਹੀਂ ਕਰ ਸਕੇ ਜਿਸਦੀ ਉਹਨਾਂ ਨੂੰ ਲੋੜ ਸੀ। ਤੁਹਾਡੇ ਸਹਿਯੋਗ ਨਾਲ, ਅਸੀਂ ਇਸ ਪਿਰਤ ਨੂੰ ਨੂੰ ਪੁੱਠਾ ਮੋੜਣ ਵਿੱਚ ਕਾਮਯਾਬ ਹੋਏ ਹਾਂ ਅਤੇ ਤੇਜ਼, ਨਜ਼ਦੀਕੀ ਅਤੇ ਵਧੇਰੇ ਨਿਜੀ ਸਿਹਤ ਦੇਖਭਾਲ ਪ੍ਰਦਾਨ ਕਰ ਰਹੇ ਹਾਂ। ਸਿਹਤ ਸੰਭਾਲ ਕਾਰਜਾਂ ਨੂੰ ਤੁਹਾਡੇ ਲਈ ਹੋਰ ਬਿਹਤਰ ਬਣਾਉਣ ਲਈ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ।

**ਤੁਹਾਡੀ ਕਮਿਊਨਿਟੀ ਲਈ ਵਧੇਰੇ ਸਿਹਤ ਦੇਖਭਾਲ ਸੁਵਿਧਾਵਾਂ ਲਿਆਉਣਾ।**

14 ਹਸਪਤਾਲ ਆ ਰਹੇ ਹਨ ਤੇ ਹੋਰ ਹੀ ਆਉਣੇ ਹਨ | 31 ਕਮਿਊਨਿਟੀਆਂ ਵਿੱਚ ਅੱਤ-ਜਰੂਰੀ ਪ੍ਰਾਇਮਰੀ ਕੇਅਰ ਸੈਂਟਰ | ਤੁਹਾਡੀਆਂ ਜ਼ਰੂਰਤਾਂ ਦੇ ਅਨੁਸਾਰ ਸਿਹਤ ਪੇਸ਼ੇਵਰਾਂ ਦੀ ਇੱਕ ਟੀਮ ਬਣਾਉਣਾ | ਈ-ਸਿਹਤ ਤਕਨੀਕ ਦੁਆਰਾ ਤੁਹਾਡੇ ਘਰ ਵਿੱਚ ਸਿਹਤ ਦੇਖਭਾਲ ਸਹੂਲਤਾਂ ਲਿਆਉਣਾ।

**ਸੇਹਤ ਦੇਖਭਾਲ ਲਈ ਤੁਹਾਡੇ ਇੰਤਜ਼ਾਰ ਨੂੰ ਘਟਾਉਣਾ**

ਹਰ ਰੋਜ਼ ਵਧੇਰੇ ਸਰਜਰੀਆਂ ਕਰਨਾ | ਇਲਾਜ ਦੇ ਇੰਤਜ਼ਾਰਾਂ ਨੂੰ ਘਟਾਉਣ ਲਈ 4 ਨਵੀਆਂ ਐਮਆਰਆਈ ਮਸ਼ੀਨਾਂ | ਹੋਰ ਟੈਕਨਾਲੋਜਿਸਟਾਂ ਨੂੰ ਸਿਖਲਾਈ ਦੇਣਾ।

**ਹੋਰਨਾਂ ਡਾਕਟਰਾਂ, ਨਰਸਾਂ ਅਤੇ ਸਿਹਤ ਪੇਸ਼ੇਵਰਾਂ ਨੂੰ ਸਿਖਲਾਈ ਅਤੇ ਨੌਂਕਰੀ ਦੇਣਾ।**

ਬੀ.ਸੀ. ਦਾ ਦੂਜਾ ਮੈਡੀਕਲ ਸਕੂਲ ਸ਼ੁਰੂ ਕਰਨਾ | ਕੁਸ਼ਲ ਸਿਹਤ ਪੇਸ਼ੇਵਰਾਂ ਅਤੇ ਕਰਮਚਾਰੀਆਂ ਦੀ ਨਿਯੁਕਤੀ ਜੋ ਬੀ.ਸੀ. ਵਿੱਚ ਆਉਣਗੇ।

**ਬੀ.ਸੀ. ਦੇ ਬਜ਼ੁਰਗਾਂ ਲਈ ਜ਼ਿੰਦਗੀ ਨੂੰ ਬਿਹਤਰ ਤੇ ਆਸਾਨ ਬਣਾਉਣਾ ।**

ਲੰਬੀ-ਸਮੇਂ ਦੀ ਦੇਖਭਾਲ ਅਤੇ ਸਹਾਇਤਾ ਨਾਲ ਰਹਿਣ ਲਈ 7,000 ਨਵੇਂ ਸਿਹਤ ਸੰਭਾਲ ਕਰਮਚਾਰੀਆਂ ਦੀ ਨਿਯੁਕਤੀ | ਸਿਹਤ ਸੰਭਾਲ ਕਰਮਚਾਰੀਆਂ ਲਈ ਵਧੀਆ ਤਨਖਾਹ | ਨਵੇਂ ਲੰਬੇ-ਸਮੇਂ ਵਾਲੇ ਜਨਤਕ ਕੇਅਰ ਹੋਮ ਬਣਾਉਣਾ | ਸੇਵਾ ਸੰਭਾਲ ਘਰਾਂ ਦੀ ਦੇਖਭਾਲ ਵਿੱਚ ਸੁਧਾਰ ਕਰਨਾ।

**10 ਸਾਲਾਂ ਦੀ ਕੈਂਸਰ ਕੇਅਰ ਯੋਜਨਾ ਸਥਾਪਤ ਕਰਨਾ।**

ਘਰ ਦੀ ਵਧੇਰੇ-ਨਜ਼ਦੀਕ ਦੇਖਭਾਲ ਕੇਂਦਰ| ਰੋਕਥਾਮ, ਜਾਂਚ, ਨਿਦਾਨ ਅਤੇ ਇਲਾਜ ਵਿੱਚ ਸੁਧਾਰ ਲਈ ਨਵੀਂ ਟੈਕਨਾਲੋਜੀ | ਸਮਰਪਿਤ ਟੀਮਾਂ ਜੋ ਵਿਅਕਤੀਗਤ ਦੇਖਭਾਲ ਨੂੰ ਮੁੱਖ ਰੱਖਕੇ ਬਣਗੀਆਂ।

**ਜ਼ਿੰਦਗੀਆਂ ਬਚਾਉਣਾ ਅਤੇ ਤਕਲੀਫਾਂ ਨੂੰ ਘੱਟ ਕਰਨਾ**

ਓਪਿਆਈਡ ਸੰਕਟ ਖਿਲਾਫ ਬੀ.ਸੀ. ਦੀ ਵੱਧਦੀ ਕਾਰਵਾਈ | ਜ਼ਹਿਰੀਲੀ ਦਵਾਈ ਸਪਲਾਈ 'ਤੇ ਸ਼ਿਕੰਜਾ ਕੱਸਿਆ | ਆਟਵਾ ਅਤੇ ਪੁਲਿਸ ਚੀਫਸ ਨਾਲ ਰਲ਼ਕੇ ਅਪਰਾਧ-ਮੁਕਤੀ ਵੱਲ ਵੱਧਣਾ | ਇਲਾਜ ਤੇ ਰਿਕਵਰੀ ਲਈ ਹੋਰ ਬਿਸਤਰੇ ਜੋੜਨਾ | ਕਾਉਂਸਲਿੰਗ ਤੱਕ ਪਹੁੰਚ ਦਾ ਵਿਸਥਾਰ ਵਧਾਉਣਾ ।

**ਸਿਹਤ ਦੇਖਭਾਲ ਨੂੰ ਵਧੇਰੇ ਕਿਫਾਇਤੀ ਬਣਾਉਣਾ।**

ਨਿਰੋਧ ਦੀ ਲਾਗਤ ਨੂੰ ਕਿਫਾਇਤੀ ਕਰਨਾ| ਇੱਕ ਰਾਸ਼ਟਰੀ ਫਾਰਮਾ ਕੇਅਰ ਪ੍ਰੋਗਰਾਮ ਲਈ ਸੰਘਰਸ਼ ਕਰਨਾ।

